# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times   04 ਜੁਲਾਈ 2026 ਦਿਨ ਸ਼ਨੀਵਾਰ   ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਡਿਪਟੀ ਕਮਿਸ਼ਨਰ ਵੱਲੋਂ ਟੈਕਨੀਕਲ ਅਸਿਸਟੈਂਟ ਅਤੇ ਅਧਿਆਪਕ ਸਨਮਾਨਿਤ


ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 4 ਜੁਲਾਈ : ਜਨਗਣਨਾ-2026 ਦਾ ਡੋਰ-ਟੂ-ਡੋਰ ਪੜਾਅ ਮੁਕੰਮਲ ਕਰਨ ਵਾਲੇ ਗਿਣਤੀਕਾਰ/ ਸੁਪਰਵਾਈਜ਼ਰ/ ਟੈਕਨੀਕਲ ਸਟਾਫ ਅਧਿਕਾਰੀਆਂ /ਕਰਮਚਾਰੀਆਂ ਨੂੰ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਵੱਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਨਗਣਨਾ ਦਾ ਕੰਮ ਦੇਸ਼ ਦੀ ਯੋਜਨਾਬੰਦੀ ਅਤੇ ਵਿਕਾਸ ਨਾਲ ਸਿੱਧੇ ਤੌਰ ’ਤੇ ਜੁੜਿਆ ਹੋਇਆ ਹੈ, ਇਸ ਲਈ ਇਸ ਨੂੰ ਸਮੇਂ ਸਿਰ ਪੂਰਾ ਕਰਨਾ ਬਹੁਤ ਜ਼ਰੂਰੀ ਹੈ। ਜਨਗਣਨਾ ਰਾਸ਼ਟਰ ਨਿਰਮਾਣ ਦਾ ਇੱਕ ਮਹੱਤਵਪੂਰਨ ਥੰਮ੍ਹ ਹੈ ਅਤੇ ਸਾਰੇ ਕਰਮਚਾਰੀਆਂ ਵੱਲੋਂ ਫ਼ਰੀਦਕੋਟ ਜ਼ਿਲ੍ਹੇ ਅੰਦਰ ਰਾਸ਼ਟਰੀ ਕਾਰਜ ਨੂੰ ਸਮੇਂ ਸਿਰ ਪੂਰੀ ਲਗਨ ਅਤੇ ਜ਼ਿੰਮੇਵਾਰੀ ਨਾਲ ਪੂਰਾ ਕੀਤਾ ਜਾ ਰਿਹਾ ਹੈ ਉਨ੍ਹਾਂ ਦੱਸਿਆ ਕਿ ਇਸ ਜਨਗਣਨਾ ਦੇ ਕੰਮ ਨੂੰ ਮੁਕੰਮਲ ਕਰਨ ਲਈ 1003 ਗਿਣਤੀਕਾਰ ਅਤੇ 162 ਸੁਪਰਵਾਈਜ਼ਰ ਨਿਯੁਕਤ ਕੀਤੇ ਗਏ ਹਨ। ਜਿਨ੍ਹਾਂ ਵਿੱਚੋਂ 44 ਅਧਿਕਾਰੀਆਂ/ਕਰਮਚਾਰੀਆਂ ਨੇ ਆਪਣਾ ਕੰਮ ਸਮੇਂ ਤੋਂ ਪਹਿਲਾਂ ਮੁਕੰਮਲ ਕੀਤਾ ਹੈ। ਉਨ੍ਹਾਂ ਸਭ ਨੂੰ ਮੁਬਾਰਕਬਾਦ ਦਿੱਤੀ ਅਤੇ ਹਰ ਜ਼ਿੰਮੇਵਾਰੀ, ਡਿਊਟੀ ਹਮੇਸ਼ਾ ਖੁਸ਼ੀ-ਖੁਸ਼ੀ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਤੀਜੇ ਪੜਾਅ ਦਾ ਕੰਮ ਵੀ ਹੋਰ ਸੁਹਿਰਦਤਾ ਨਾਲ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਿਨ੍ਹਾਂ ਕਰਮਚਾਰੀਆਂ ਦੀ ਜਨਗਣਨਾ ਦੇ ਸਰਵੇ ਲਈ ਡਿਊਟੀ ਲਗਾਈ ਗਈ ਸੀ, ਇਹਨਾਂ ਸਾਰੇ ਕਰਮਚਾਰੀਆਂ ਨੇ ਸਮੇਂ ਤੋਂ ਪਹਿਲਾਂ ਹੀ ਸੰਚਾਰੂ ਤਰੀਕੇ ਨਾਲ ਕੰਮ ਨੂੰ ਪੂਰਾ ਕਰਕੇ ਆਪਣਾ ਅਹਿਮ ਫਰਜ਼ ਅਦਾ ਕੀਤਾ ਹੈ। ਇਸ ਮੌਕੇ ਗਿਣਤੀਕਾਰਾਂ/ਸੁਪਰਵਾਈਜ਼ਰਾਂ ਸਟਾਫ ਵੱਲੋਂ ਨਾਇਬ ਤਹਿਸੀਲਦਾਰ ਹਰਸ਼ਵੀਰ ਗੋਇਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਨਾਇਬ ਤਹਿਸੀਲਦਾਰ ਹਰਸ਼ਵੀਰ ਗੋਇਲ, ਡਿਪਟੀ ਈ.ਐਸ.ਏ.. ਗੁਰਿੰਦਰ ਸਿੰਘ, ਅਮਰੀਕ ਸਿੰਘ, ਡੀ.ਪੀ.ਆਰ.ਓ, ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਜਸਬੀਰ ਸਿੰਘ ਜੱਸੀ, ਮਨਪ੍ਰੀਤ ਕੌਰ ਯੰਗ ਪ੍ਰੋਫੈਸ਼ਨਲ, ਗੁਰਦੀਪ ਸਿੰਘ ਟੈਕਨੀਕਲ ਸਹਾਇਕ ਹਾਜ਼ਰ ਸਨ।

## ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵਲੋਂ ਸਨਮਾਨ ਸਮਾਰੋਹ

ਵਰਲਡ ਪੰਜਾਬੀ ਟਾਈਮਜ਼





ਚੰਡੀਗੜ੍ਹ 4 ਜੁਲਾਈ : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵਲੋਂ ਵਿਸ਼ਵ ਪੰਜਾਬੀ ਸਾਹਿਤਕ ਵਿਚਾਰ ਮੰਚ ਮੋਹਾਲੀ ਦੇ ਸਹਿਯੋਗ ਨਾਲ ਪੰਜਾਬ ਕਲਾ ਭਵਨ,ਸੈਕਟਰ 16, ਚੰਡੀਗੜ੍ਹ ਵਿਖੇ ਐਤਵਾਰ ਨੂੰ ਸਨਮਾਨ ਸਮਾਰੋਹ ਕਰਵਾਇਆ ਜਾ ਰਿਹਾ ਹੈ।ਇਸ ਵਿਚ ਦੋ ਪ੍ਰਸਿੱਧ ਲੇਖਕ, ਕਵੀ ਅਤੇ ਗਜ਼ਲ-ਗੋ, ਭਗਤ ਰਾਮ ਰੰਗਾੜਾ ਅਤੇ ਬਾਬੂ ਰਾਮ ਦੀਵਾਨਾ ਜੀ ਨੂੰ ਪੰਜਾਬੀ ਮਾਂ ਬੋਲੀ ਦੀ ਲੰਬੇ ਸਮੇਂ ਤੋਂ ਸੇਵਾ ਕਰਨ ਵਾਸਤੇ ਸਨਮਾਨਿਤ ਕੀਤਾ ਜਾਵੇਗਾ।ਭਗਤ ਰਾਮ ਰੰਗਾੜਾ ਜੀ ਨੂੰ “ਲਾਈਫ ਟਾਈਮ ਅਚੀਵਮੈਂਟ ਐਵਾਰਡ” ਨਾਲ ਨਿਵਾਜਿਆ ਜਾਵੇਗਾ ਅਤੇ ਬਾਬੂ ਰਾਮ ਦੀਵਾਨਾ ਜੀ ਨੂੰ “ਸਿਰੀ ਰਾਮ ਅਰਸ਼ ਯਾਦਗਾਰੀ ਐਵਾਰਡ” ਦਿੱਤਾ ਜਾਵੇਗਾ।ਇਸ ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰਸਿੱਧ ਵਿਦਵਾਨ,ਗਜ਼ਲ ਉਸਤਾਦ ਅਮਰਜੀਤ ਸਿੰਘ ਜੀਤ ਕਰਨਗੇ ਅਤੇ ਸੂਲ ਸੁਰਾਹੀ ਮੈਗਜ਼ੀਨ ਦੇ ਸੰਪਾਦਕ ਬਲਬੀਰ ਸਿੰਘ ਸੈਣੀ ਮੁੱਖ ਮਹਿਮਾਨ ਹੋਣਗੇ।ਇਹ ਪ੍ਰੋਗਰਾਮ ਸਵੇਰੇ 10-30 ਵਜੇ ਸ਼ੁਰੂ ਹੋਵੇਗਾ ਅਤੇ ਸਨਮਾਨਿਤ ਸਖਸ਼ੀਅਤਾਂ ਬਾਰੇ ਵੱਖੋ ਵੱਖ ਲੇਖਕ,ਕਵੀ, ਗਜ਼ਲ-ਗੋ ਅਤੇ ਵਿਦਵਾਨ ਆਪਣੇ ਅਨੁਭਵ ਸਾਂਝੇ ਕਰਨਗੇ।ਸਨਮਾਨ ਵਿਚ ਸ਼ਾਲ,ਸਨਮਾਨ ਚਿੰਨ੍ਹ, ਸਨਮਾਨ-ਪੱਤਰ, ਨਕਦ ਰਾਸ਼ੀ ਸ਼ਾਮਲ ਹੈ।ਇਸ ਸਮਾਗਮ ਵਿੱਚ ਸਥਾਨਕ ਪਤਵੰਤੇ ਸੱਜਣ, ਸਾਹਿਤਕਾਰ,ਵਿਦਵਾਨ, ਗਾਇਕ,ਰੰਗ-ਕਰਮੀ,ਕਲਾਕਾਰਾਂ ਤੋਂ ਇਲਾਵਾ ਚੰਡੀਗੜ੍ਹ, ਮੋਹਾਲੀ,ਰਾਜਪੁਰਾ, ਪੰਚਕੂਲਾ, ਖਰੜ,ਮੋਰਿੰਡਾ,ਕੁਰਾਲੀ ਅਤੇ ਰੋਪੜ ਦੀਆਂ. ਸਾਹਿਤ ਸਭਾਵਾਂ ਦੇ ਮੈਂਬਰ ਵੱਡੀ ਗਿਣਤੀ ਵਿਚ ਸ਼ਾਮਲ ਹੋਣਗੇ।

## ਚੇਅਰਮੈਨ ਅਤੇ ਐੱਸ.ਐੱਸ.ਪੀ. ਨੇ ਨਸ਼ਾ ਮੁਕਤੀ ਮੋਰਚਾ ਦੇ ਅਹੁਦੇਦਾਰਾਂ ਨੂੰ ਪਛਾਣ ਪੱਤਰ ਵੰਡੇ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 4 ਜੁਲਾਈ : ਹਲਕਾ ਫ਼ਰੀਦਕੋਟ ਨਸ਼ਾ ਮੁਕਤੀ ਮੋਰਚਾ ਦੇ ਅਹੁਦੇਦਾਰਾਂ ਦੀ ਇੱਕ ਅਹਿਮ ਮੀਟਿੰਗ ਐੱਸ.ਐੱਸ.ਪੀ. ਫ਼ਰੀਦਕੋਟ ਗੁਰਬੰਸ ਸਿੰਘ ਬੈਂਸ ਨਾਲ ਮੁੱਖ ਦਫ਼ਤਰ ਐੱਸ.ਐੱਸ.ਪੀ. ਵਿਖੇ ਹੋਈ। ਇਹ ਮੀਟਿੰਗ ਚੇਅਰਮੈਨ ਨਗਰ ਸੁਧਾਰ ਟਰੱਸਟ ਫ਼ਰੀਦਕੋਟ ਅਤੇ ਨਸ਼ਾ ਮੁਕਤੀ ਮੋਰਚਾ ਮਾਲਵਾ ਸੈਂਟਰ ਦੇ ਇੰਚਾਰਜ ਸ. ਗਗਨਦੀਪ ਸਿੰਘ ਧਾਲੀਵਾਲ ਦੀ ਅਗਵਾਈ ਅਤੇ ਜ਼ਿਲ੍ਹਾ ਕੋਆਰਡੀਨੇਟਰ ਪ੍ਰੋ. ਗੁਰਸੇਵਕ ਸਿੰਘ ਦੀ ਪ੍ਰਧਾਨਗੀ ਹੇਠ ਕਰਵਾਈ ਗਈ। ਮੀਟਿੰਗ ਦੌਰਾਨ ਨਸ਼ਾ ਤਸਕਰੀ ਨੂੰ ਜੜ੍ਹੋਂ ਖਤਮ ਕਰਨ ਲਈ ਅਗਲੀ ਰਣਨੀਤੀ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਐੱਸ.ਐੱਸ.ਪੀ. ਗੁਰਬੰਸ ਸਿੰਘ ਬੈਂਸ ਨੇ ਨਸ਼ਾ ਮੁਕਤੀ ਮੋਰਚਾ ਦੇ ਅਹੁਦੇਦਾਰਾਂ ਨੂੰ ਭਰੋਸਾ ਦਿਵਾਇਆ ਕਿ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਨਹੀਂ ਵਰਤੀ ਜਾਵੇਗੀ ਅਤੇ ਜ਼ਿਲ੍ਹਾ ਪੁਲਿਸ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਸਮਾਜ ਦੇ ਹਰ ਵਰਗ ਨੂੰ ਨਸ਼ਿਆਂ ਖ਼ਿਲਾਫ਼ ਮੁਹਿੰਮ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਵੀ ਕੀਤੀ। ਇਸ ਮੌਕੇ ਚੇਅਰਮੈਨ ਨਗਰ ਸੁਧਾਰ ਟਰੱਸਟ ਫ਼ਰੀਦਕੋਟ ਗਗਨਦੀਪ ਸਿੰਘ ਧਾਲੀਵਾਲ ਅਤੇ ਐੱਸ.ਐੱਸ.ਪੀ. ਗੁਰਬੰਸ ਸਿੰਘ ਬੈਂਸ ਵੱਲੋਂ ਨਸ਼ਾ ਮੁਕਤੀ ਮੋਰਚਾ ਹਲਕਾ ਫ਼ਰੀਦਕੋਟ ਦੇ ਅਹੁਦੇਦਾਰਾਂ ਨੂੰ ਪਛਾਣ ਪੱਤਰ (ਆਈ.ਡੀ. ਕਾਰਡ) ਸੌਂਪੇ ਗਏ। ਉਨ੍ਹਾਂ ਕਿਹਾ ਕਿ ਇਹ ਪਹਿਚਾਣ ਪੱਤਰ ਅਹੁਦੇਦਾਰਾਂ ਨੂੰ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਉਣ ਅਤੇ ਪ੍ਰਸ਼ਾਸਨ ਨਾਲ ਤਾਲਮੇਲ ਬਣਾ ਕੇ ਕੰਮ ਕਰਨ ਵਿੱਚ ਸਹਾਇਕ ਸਾਬਤ ਹੋਣਗੇ।

## ਵਣ ਮਹਾਂਉਸਤਵ ਮਨਾਉਂਦਿਆ ਲਾਇਨਜ਼ ਕਲੱਬ ਰਾਇਲ ਨੇ ਲਾਏ ਬੂਟੇ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 4 ਜੁਲਾਈ : ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ ’ਚ ਲਗਾਤਾਰ ਯਤਨਸ਼ੀਲ ਰਹਿਣ ਵਾਲੀ ਸੰਸਥਾ ‘ਲਾਇਨਜ਼ ਕਲੱਬ ਕੋਟਕਪੂਰਾ ਰਾਇਲ’ ਵੱਲੋਂ ਜਿਲਾ ਗਵਰਨਰ ਅਜੇ ਕੁਮਾਰ ਗੋਇਲ ਦੀਆਂ ਹਦਾਇਤਾਂ ਮੁਤਾਬਿਕ ‘ਇਕ ਮੈਂਬਰ-ਇਕ ਪੌਦਾ’ ਦੀ ਲੜੀ ਤਹਿਤ ਵਣ ਮਹਾਂਉਤਸਵ ਮਨਾਉਂਦਿਆਂ ਨੇੜਲੇ ਪਿੰਡ ਹਰੀਨੌ ਦੇ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਵਿਖੇ ਫੁੱਲਦਾਰ ਅਤੇ ਛਾਂਦਾਰ 31 ਬੂਟੇ ਲਾਏ ਗਏ। ਨਵ ਨਿਯੁਕਤ ਪ੍ਰਧਾਨ ਇੰਜੀ. ਭੁਪਿੰਦਰ ਸਿੰਘ ਕਮੋ ਦੀ ਅਗਵਾਈ ਹੇਠ ਬੂਟੇ ਲਾਉਣ ਦੀ ਮੁਹਿੰਮ ਦੀ ਸ਼ੁਰੂਆਤ ਬਾਰੇ ਜਾਣਕਾਰੀ ਦਿੰਦਿਆਂ ਪੀਆਰਓ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਨੇ ਦੱਸਿਆ ਕਿ ਅਗਾਮੀ ਮਾਨਸੂਨ ਦੇ ਦਿਨਾਂ ਵਿੱਚ ਇਲਾਕੇ ਦੇ ਵੱਖ ਵੱਖ ਸਥਾਨਾ ’ਤੇ ਇਸ ਤਰਾਂ ਦੇ ਹੋਰ ਬੂਟੇ ਵੀ ਲਾਏ ਜਾਣਗੇ। ਮਨਜੀਤ ਸਿੰਘ ਲਵਲੀ, ਬੀਰਇੰਦਰਪਾਲ ਸ਼ਰਮਾ ਅਤੇ ਡਾ ਗੁਰਮੀਤ ਸਿੰਘ ਧਾਲੀਵਾਲ ਨੇ ਉਪਰੋਕਤ ਬੂਟਿਆਂ ਦੀ ਸਾਂਭ ਸੰਭਾਲ ਕਰਨ ਵਾਲੇ ਵਿਦਿਆਰਥੀ-ਵਿਦਿਆਰਥਣਾ ਨੂੰ ਢੁਕਵੇਂ ਸਮੇਂ ’ਤੇ ਕਲੱਬ ਵੱਲੋਂ ਸਨਮਾਨਿਤ ਕਰਨ ਦਾ ਐਲਾਨ ਕੀਤਾ। ਉਹਨਾ ਦੱਸਿਆ ਕਿ ਕਲੱਬ ਵਲੋਂ ਪਿਛਲੇ ਸਾਲ ਲਾਏ ਗਏ ਬੂਟਿਆਂ ਦੀ ਵੀ ਸਾਂਭ ਸੰਭਾਲ ਜਾਰੀ ਹੈ। ਸਕੂਲ ਮੁਖੀ ਮਾ. ਬਲਜੀਤ ਸਿੰਘ ਅਤੇ ਪ੍ਰਿੰਸੀਪਲ ਸੁਰਿੰਦਰ ਕੌਰ ਨੇ ਕਲੱਬ ਦੇ ਉਕਤ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਆਖਿਆ ਕਿ ਵਾਤਾਵਰਣ ਦੀ ਸੰਭਾਲ ਲਈ ਕਲੱਬ ਵਲੋਂ ਵਣ ਮਹਾਂਉਤਸਵ ਮਨਾਉਣ ਦੇ ਕੀਤੇ ਫੈਸਲੇ ਤੋਂ ਹੋਰਨਾ ਨੂੰ ਵੀ ਪ੍ਰੇਰਨਾ ਮਿਲਣੀ ਸੁਭਾਵਿਕ ਹੈ।

## ਸਿਹਤ ਮੰਤਰੀ ਨੇ ਪਟਿਆਲਾ ’ਚ ਰੋਬੋਟਿਕ-ਅਸਿਸਟਡ ਆਰਥੋਪੈਡਿਕ ਸਰਜਰੀ ਤਕਨਾਲੋਜੀ ਦੀ ਕੀਤੀ ਸ਼ੁਰੂਆਤ

### ਰੋਬੋਟਿਕ ਸਰਜਰੀ ਨਾਲ ਇਲਾਜ ਹੋਵੇਗਾ ਹੋਰ ਸੁਰੱਖਿਅਤ: ਡਾ. ਬਲਬੀਰ ਸਿੰਘ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ, 4 ਜੁਲਾਈ : ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਵਿਸ਼ਵ ਪੱਧਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਇੱਕ ਹੋਰ ਅਹਿਮ ਕਦਮ ਚੁੱਕਦਿਆਂ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਵਿੱਚ ਆਰਥੋਪੈਡਿਕ ਇਲਾਜ ਲਈ ਅਤਿ ਆਧੁਨਿਕ ਰੋਬੋਟਿਕ-ਅਸਿਸਟਡ ਸਰਜਰੀ ਤਕਨਾਲੋਜੀ ਦੀ ਸ਼ੁਰੂਆਤ ਕੀਤੀ। ਇਸ ਮੌਕੇ ਸਿਵਲ ਸਰਜਨ ਪਟਿਆਲਾ ਡਾ. ਸ਼ੈਲੀ ਜੇਟਲੀ ਵੀ ਵਿਸ਼ੇਸ਼ ਤੌਰ ’ਤੇ ਮੌਜੂਦ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨੂੰ ਆਧੁਨਿਕ, ਗੁਣਵੱਤਾ-ਯੁਕਤ ਅਤੇ ਕਿਫਾਇਤੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਿਹਤ ਖੇਤਰ ਵਿੱਚ ਨਵੀਂ ਤਕਨਾਲੋਜੀ ਨੂੰ ਅਪਣਾਉਣਾ ਸਮੇਂ ਦੀ ਲੋੜ ਹੈ ਅਤੇ ਰੋਬੋਟਿਕ-ਅਸਿਸਟਡ ਸਰਜਰੀ ਇਸ ਦਿਸ਼ਾ ਵਿੱਚ ਇੱਕ ਵੱਡੀ ਉਪਲਬਧੀ ਹੈ।

ਸਿਹਤ ਮੰਤਰੀ ਨੇ ਦੱਸਿਆ ਕਿ ਰੋਬੋਟਿਕ ਤਕਨਾਲੋਜੀ ਦੀ ਮਦਦ ਨਾਲ ਕੀਤੀਆਂ ਜਾਣ ਵਾਲੀਆਂ ਆਰਥੋਪੈਡਿਕ ਸਰਜਰੀਆਂ ਪਹਿਲਾਂ ਨਾਲੋਂ ਵਧੇਰੇ ਸ਼ੁੱਧਤਾ, ਸੁਰੱਖਿਆ ਅਤੇ ਸਫਲਤਾ ਨਾਲ ਕੀਤੀਆਂ ਜਾ ਸਕਦੀਆਂ ਹਨ। ਇਸ ਤਕਨਾਲੋਜੀ ਨਾਲ ਮਰੀਜ਼ ਨੂੰ ਆਪਰੇਸ਼ਨ ਤੋਂ ਬਾਅਦ ਦਰਦ ਵੀ ਘੱਟ ਰਹਿੰਦਾ ਹੈ। ਇਸ ਦੇ ਨਾਲ ਹੀ ਮਰੀਜ਼ ਦੀ ਰਿਕਵਰੀ ਤੇਜ਼ੀ ਨਾਲ ਹੁੰਦੀ ਹੈ, ਜਿਸ ਕਾਰਨ ਉਹ ਆਮ ਜ਼ਿੰਦਗੀ ਵੱਲ ਜਲਦੀ ਵਾਪਸੀ ਕਰ ਸਕਦਾ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਲੋਕਾਂ ਵਿੱਚ ਇਹ ਧਾਰਨਾ ਬਣੀ ਹੋਈ ਹੈ ਕਿ ਰੋਬੋਟਿਕ ਸਰਜਰੀ ਬਹੁਤ ਮਹਿੰਗੀ ਹੁੰਦੀ ਹੈ, ਪਰ ਇਹ ਲਾਜ਼ਮੀ ਨਹੀਂ। ਇਸ ਤਕਨਾਲੋਜੀ ਦਾ ਉਦੇਸ਼ ਮਰੀਜ਼ਾਂ ਨੂੰ ਬਿਹਤਰ ਇਲਾਜ ਅਤੇ ਤੇਜ਼ ਸਿਹਤਯਾਬੀ ਪ੍ਰਦਾਨ ਕਰਨਾ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਇਸ ਸਹੂਲਤ ਨਾਲ ਪਟਿਆਲਾ ਅਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਨੂੰ ਵੱਡਾ ਲਾਭ ਮਿਲੇਗਾ ਅਤੇ ਉਨ੍ਹਾਂ ਨੂੰ ਅਜਿਹੇ ਇਲਾਜ ਲਈ ਦੂਜੇ ਮਹਾਂਨਗਰਾਂ ਦਾ ਰੁਖ ਨਹੀਂ ਕਰਨਾ ਪਵੇਗਾ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਟਿਆਲਾ ਸਿਹਤ ਸੇਵਾਵਾਂ ਦਾ ਇੱਕ ਮਹੱਤਵਪੂਰਨ ਕੇਂਦਰ ਬਣਦਾ ਜਾ ਰਿਹਾ ਹੈ ਅਤੇ ਇਸ ਨਵੀਂ ਸਹੂਲਤ ਨਾਲ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਹੋਰ ਨੇੜਲੇ ਰਾਜਾਂ ਦੇ ਮਰੀਜ਼ਾਂ ਨੂੰ ਵੀ ਉੱਚ ਪੱਧਰੀ ਇਲਾਜ ਦਾ ਲਾਭ ਮਿਲੇਗਾ। ਇਸ ਨਾਲ ਨਾ ਸਿਰਫ਼ ਖੇਤਰੀ ਸਿਹਤ ਢਾਂਚਾ ਮਜ਼ਬੂਤ ਹੋਵੇਗਾ, ਸਗੋਂ ਪੰਜਾਬ ਆਧੁਨਿਕ ਮੈਡੀਕਲ ਤਕਨਾਲੋਜੀ ਦੇ ਖੇਤਰ ਵਿੱਚ ਵੀ ਆਪਣੀ ਵੱਖਰੀ ਪਹਿਚਾਣ ਬਣਾਏਗਾ।

ਇਸ ਮੌਕੇ ਸਿਵਲ ਸਰਜਨ ਡਾ. ਸ਼ੈਲੀ ਜੇਟਲੀ ਨੇ ਕਿਹਾ ਕਿ ਰੋਬੋਟਿਕ-ਅਸਿਸਟਡ ਸਰਜਰੀ ਤਕਨਾਲੋਜੀ ਸਿਹਤ ਖੇਤਰ ਵਿੱਚ ਇੱਕ ਨਵਾਂ ਅਧਿਆਇ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਮਰੀਜ਼ਾਂ ਨੂੰ ਸੁਰੱਖਿਅਤ, ਭਰੋਸੇਯੋਗ ਅਤੇ ਉੱਚ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

ਸਮਾਗਮ ਦੌਰਾਨ ਸਿਹਤ ਵਿਭਾਗ ਦੇ ਅਧਿਕਾਰੀਆਂ, ਡਾਕਟਰਾਂ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਸ਼ਿਰਕਤ ਕੀਤੀ। ਹਾਜ਼ਰ ਮਹਿਮਾਨਾਂ ਨੇ ਇਸ ਪਹਿਲ ਨੂੰ ਪੰਜਾਬ ਦੀ ਸਿਹਤ ਸੇਵਾਵਾਂ ਵਿੱਚ ਇੱਕ ਇਤਿਹਾਸਕ ਅਤੇ ਮੀਲ ਪੱਥਰ ਵਾਲਾ ਕਦਮ ਕਰਾਰ ਦਿੰਦਿਆਂ ਕਿਹਾ ਕਿ ਅਜਿਹੀਆਂ ਆਧੁਨਿਕ ਸਹੂਲਤਾਂ ਨਾਲ ਲੋਕਾਂ ਦਾ ਇਲਾਜ ਹੋਰ ਪ੍ਰਭਾਵਸ਼ਾਲੀ ਅਤੇ ਸੁਗਮ ਬਣੇਗਾ।

## ਨਸ਼ਾ ਮੁਕਤ ਅਤੇ ਖੁਸ਼ਹਾਲ ਪੰਜਾਬ ਸਿਰਜਣ ਲਈ ਹਰ ਨਾਗਰਿਕ ਇੱਕਜੁੱਟ ਹੋਵੇ : ਰਾਜਨ ਨਾਰੰਗ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 4 ਜੁਲਾਈ : ਭਾਰਤੀ ਜਨਤਾ ਪਾਰਟੀ ਫ਼ਰੀਦਕੋਟ ਦੇ ਜ਼ਿਲ੍ਹਾ ਮੀਤ ਪ੍ਰਧਾਨ ਰਾਜਨ ਨਾਰੰਗ ਨੇ ਅੱਜ ਇੱਥੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਨੂੰ ਨਸ਼ਾ ਮੁਕਤ ਅਤੇ ਤੰਦਰੁਸਤ ਬਣਾਉਣ ਲਈ ਇੱਕ ਵੱਡੀ ਮੁਹਿੰਮ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ‘ਚਲੋ ਮਿਲ ਕੇ ਬਣਾਈਏ ਨਸ਼ਾ ਮੁਕਤ ਪੰਜਾਬ’ ਦੇ ਨਾਅਰੇ ਹੇਠ ਸਾਨੂੰ ਸਾਰਿਆਂ ਨੂੰ ਸੂਬੇ ਦੇ ਹੱਕ ਵਿੱਚ ਖੜ੍ਹੇ ਹੋਣ ਦੀ ਲੋੜ ਹੈ, ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਤੰਦਰੁਸਤ ਬਣਾ ਕੇ ਇੱਕ ਖੁਸ਼ਹਾਲ ਸੂਬੇ ਦੀ ਸਿਰਜਣਾ ਕੀਤੀ ਜਾ ਸਕੇ। ਰਾਜਨ ਨਾਰੰਗ ਨੇ ਪੱਤਰਕਾਰਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅੱਜ ਸਮਾਂ ਆ ਗਿਆ ਹੈ ਜਦੋਂ ਸਾਨੂੰ ਨਸ਼ਿਆਂ ਵਿਰੁੱਧ ਇੱਕਜੁੱਟ ਹੋ ਕੇ ਆਪਣੇ ਰੰਗਲੇ ਪੰਜਾਬ ਨੂੰ ਬਚਾਉਣਾ ਪਵੇਗਾ। ਉਨ੍ਹਾਂ ਨੌਜਵਾਨੀ ਨੂੰ ਅਪੀਲ ਕੀਤੀ ਕਿ ‘ਨਸ਼ੇ ਛੱਡੋ-ਜ਼ਿੰਦਗੀ ਜੋੜੋ’ ਦੇ ਸਿਧਾਂਤ ਨੂੰ ਅਪਣਾਉਣ, ਕਿਉਂਕਿ ਨਸ਼ਿਆਂ ਤੋਂ ਬਚਾਅ ਹੀ ਇੱਕ ਸੁਰੱਖਿਅਤ ਪਰਿਵਾਰ ਦੀ ਨੀਂਹ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿਹਤਮੰਦ ਨੌਜਵਾਨ ਹੀ ਇੱਕ ਸਮਰੱਥ ਪੰਜਾਬ ਦਾ ਨਿਰਮਾਣ ਕਰ ਸਕਦੇ ਹਨ। ਰਾਜਨ ਨਾਰੰਗ ਨੇ ਅੱਗੇ ਆਖਿਆ ਕਿ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸਿੱਖਿਆ, ਖੇਡਾਂ ਅਤੇ ਰੁਜ਼ਗਾਰ ਸਾਡੇ ਮੁੱਖ ਹਥਿਆਰ ਹਨ, ਕਿਉਂਕਿ ਜੇਕਰ ਨੌਜਵਾਨਾਂ ਨੂੰ ਚੰਗੀ ਸਿੱਖਿਆ, ਖੇਡ ਮੈਦਾਨ ਅਤੇ ਰੁਜ਼ਗਾਰ ਦੇ ਬਿਹਤਰ ਮੌਕੇ ਮਿਲਣਗੇ, ਤਾਂ ਉਹ ਆਪਣੇ-ਆਪ ਨਸ਼ਿਆਂ ਦੇ ਕੋਹੜ ਤੋਂ ਦੂਰ ਹੋ ਜਾਣਗੇ। ਉਨ੍ਹਾਂ ਕਿਹਾ ਕਿ ਸਾਡਾ ਮੁੱਖ ਟੀਚਾ ਹਰ ਪਿੰਡ ਅਤੇ ਹਰ ਸ਼ਹਿਰ ਨੂੰ ਨਸ਼ਾ ਮੁਕਤ ਕਰਨਾ ਹੈ। ਉਨ੍ਹਾਂ ਸਾਰਿਆਂ ਨੂੰ ‘ਨਸ਼ਿਆਂ ਨੂੰ ਨਾਹ-ਜ਼ਿੰਦਗੀ ਨੂੰ ਹਾਂ’ ਦਾ ਪੱਕਾ ਇਰਾਦਾ ਧਾਰਨ ਕਰਨ ਦੀ ਅਪੀਲ ਕੀਤੀ।

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਮਨ ਪਰਦੇਸੀ ਕਰਿਆ ਨਾ ਕਰ ਆ ਜਾ ਮਿਲੀਏ ਅੱਜ ਉਸ ਥਾਵੇਂ।
ਰੰਗੋਂ ਨਸਲੋਂ ਜਾਤ-ਵਿਹੂਣੇ, ਜਿੱਥੇ ਸਾਰੇ ਰਹਿਣ ਨਿਥਾਵੇਂ।

ਜਿਸ ਧਰਤੀ ਤੇ ਬੰਦਾ ਆਪਣੀ ਹਸਤੀ ਮੇਟੇ ਤੇ ਫਿਰ ਉਗਮੇਂ,
ਅੱਗੇ ਪਿੱਛੇ ਖ਼ੁਦ ਹੀ ਹੋਵੇ, ਨਾਲ ਤੁਰਨ ਨਾ ਹੀ ਪਰਛਾਵੇਂ।

ਮਿੱਟੀ ਜਿੱਥੇ ਮਾਂ ਵਰਗੀ ਹੈ, ਅੰਬਰ ਬਾਬਲ ਨਿਰਛਲ ਪਿਆਰਾ,
ਬਾਂਹ ਤੇ ਸਿਰ ਧਰ ਘੂਕ ਪਿਆ ਹੈ,ਰੱਬ ਜਿੱਥੇ ਬਿਰਖਾਂ ਦੀ ਛਾਵੇਂ।

ਰਾਤ ਪਿਆਂ ਤੇ ਗਗਨ ਚੰਦੋਆ, ਵਿੱਚ ਵਿੱਚ ਟਿੱਕੀਆਂ ਚੰਨ ਸਿਤਾਰੇ,
ਇਹ ਸਭ ਯਾਰ ਪਿਆਰੇ ਵਿੱਛੜੇ,ਲੱਭ ਪੈਣੇ ਜੇ ਨਜ਼ਰ ਟਿਕਾਵੇਂ।

ਕੂੜ ਕਿਤਾਬਾਂ ਨਾ ਪੜ੍ਹਿਆ ਕਰ, ਜਿੰਨ੍ਹਾਂ ਅੰਦਰ ਮੈਂ ਹੀ ਮੈਂ ਬੱਸ,
ਤੂੰ ਹੀ ਤੂੰ ਦੇ ਵਰਕੇ ਉੱਪਰ,ਖਿੱਲਰੇ ਸੱਚ ਦੇ ਹਰਫ਼ ਭੁਲਾਵੇਂ।

ਮੈਂ ਤਾਂ ਅੱਜ ਕੱਲ੍ਹ ਹੋਰ ਕਿਤੇ ਆਂ, ਬਦਲ ਗਿਆ ਮੇਰਾ ਸਿਰਨਾਵਾਂ,
ਤਾਂ ਹੀ ਤੇਰੀ ਡਾਕ ਮਿਲੇ ਨਾ,ਜਿਸ ਥਾਂ ਤੇ ਤੂੰ ਚਿੱਠੀਆਂ ਪਾਵੇਂ।

ਤੇਰੇ ਯਾਰ ਨਗੀਨੇ ਤੁਰ ਗਏ, ਗੁਜ਼ਰੇ ਨੇ ਕਈ ਸਾਲ ਮਹੀਨੇ,
ਕੱਚ ਦੇ ਟੋਟੇ, ਕਿਰਚਾਂ ਉੱਗੀਆਂ, ਜਿਸ ਨਗਰੀ ਤੂੰ ਲੱਭਣ ਜਾਵੇਂ।

ਧਨਵੰਤੇ ਆਪਣੀ ਅੱਗ ਸੜਦੇ,ਬੈਠ ਇਕੱਲ੍ਹੇ,ਕੁੜ੍ਹਦੇ ਕੜ੍ਹਦੇ,
ਨਾ ਕੁਰਸੀ ਨਾ ਰੁਤਬਾ ਪੱਲੇ, ਤੂੰ ਕਿਉਂ ਰੋਜ਼ ਕਚਹਿਰੀ ਲਾਵੇਂ।

ਕਾਕਰੋਚ ਕੁਰਸੀ ਤੇ ਚੜ੍ਹ ਕੇ,ਬੈਠ ਗਏ ਨੇ ਰਾਤ ਬਰਾਤੇ,
ਕੁਰਬਲ ਕੁਰਬਲ ਭੱਜਦੇ ਵੇਖੀਂ, ਜੇ ਤੂੰ ਕਿਧਰੇ ਬਲਬ ਜਗਾਵੇਂ।

# 4 ਜੁਲਾਈ 1955 : ਭਾਰਤੀ/ਹਿੰਦੂਤਵੀ ਹਕੂਮਤ ਦਾ ਦਰਬਾਰ ਸਾਹਿਬ ‘ਤੇ ਪਹਿਲਾ ਹਮਲਾ

ਸ੍ਰੀ ਦਰਬਾਰ ਸਾਹਿਬ ‘ਤੇ ਹਮਲਾ ਭਾਵੇਂ ਮੁਗਲ ਹਾਕਮਾਂ ਨੇ ਕੀਤਾ ਹੋਵੇ ਜਾਂ ਹਿੰਦੂ ਹਾਕਮਾਂ ਨੇ ਇਹ ਭੁਲਾਇਆ ਨਹੀਂ ਜਾ ਸਕਦਾ। ਅਹਿਮਦ ਸ਼ਾਹ ਅਬਦਾਲੀ, ਮੱਸਾ ਰੰਘੜ ਅਤੇ ਇੰਦਰਾ ਗਾਂਧੀ ਦੇ ਹਮਲਿਆਂ ਨੂੰ ਤਾਂ ਸਾਰੇ ਜਾਣਦੇ ਹਨ ਪਰ ਸਿੱਖੋ ਯਾਦ ਰੱਖਿਓ ਕਿ 4 ਜੁਲਾਈ 1955 ਨੂੰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਵੀ ਸ੍ਰੀ ਦਰਬਾਰ ਸਾਹਿਬ ‘ਤੇ ਹਮਲਾ ਕਰਵਾਇਆ ਸੀ। ਉਸ ਸਮੇਂ ਸਰਕਾਰ ਨੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਹਰੇ ਉੱਤੇ ਪਾਬੰਦੀ ਲਾ ਦਿੱਤੀ ਸੀ, ਸਿੱਖਾਂ ਨੇ ਸ਼ਾਂਤਮਈ ਮੋਰਚਾ ਲਾਇਆ, ਗ੍ਰਿਫ਼ਤਾਰੀਆਂ ਦਿੱਤੀਆਂ ਤੇ ਹਿੰਦੂ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਉੱਤੇ ਪੁਲਿਸ ਅਤੇ ਫ਼ੌਜ ਚਾੜ੍ਹ ਦਿੱਤੀ। ਹਿੰਦੂ ਹਾਕਮ ਨਹੀਂ ਚਾਹੁੰਦੇ ਸਨ ਕਿ ਪੰਜਾਬੀ ਸੂਬਾ ਬਣੇ, ਉਹ ਪੰਜਾਬੀ ਸੂਬੇ ਦਾ ਨਾਂ ਸੁਣਨ ਨੂੰ ਵੀ ਤਿਆਰ ਨਹੀਂ ਸਨ, ਪੰਜਾਬੀ ਸੂਬਾ ਬਣਾਉਣ ਲਈ 1 ਨਵੰਬਰ 1966 ਤਕ ਸਿੱਖਾਂ ਨੂੰ ਬੜੀਆਂ ਕੁਰਬਾਨੀਆਂ ਕਰਨੀਆਂ ਪਈਆਂ, 70 ਹਜ਼ਾਰ ਤੋਂ ਵੱਧ ਸਿੱਖਾਂ ਨੂੰ ਜੇਲ੍ਹਾਂ ਵਿੱਚ ਜਾਣਾ ਪਿਆ ਸੀ ਤੇ ਕਾਕਾ ਇੰਦਰਜੀਤ ਸਿੰਘ ਕਰਨਾਲ ਵਾਂਗ ਕੁਝ ਸਿੰਘ ਸ਼ਹੀਦ ਵੀ ਹੋਏ ਸਨ।




ਭਾਰਤੀ/ਹਿੰਦੂ ਹਾਕਮਾਂ ਨੇ 1947 ਤੋਂ ਪਹਿਲਾਂ ਸਿੱਖਾਂ ਨਾਲ਼ ਵਾਅਦੇ ਕੀਤੇ ਸਨ ਕਿ ਅੰਗਰੇਜ਼ਾਂ ਵੱਲੋਂ ਭਾਰਤ ਛੱਡਣ ਤੋਂ ਬਾਅਦ ਉੱਤਰ ਵਿੱਚ ਸਿੱਖਾਂ ਵਾਸਤੇ ਇੱਕ ਖਿੱਤਾ ਰਾਖਵਾਂ ਕਰ ਦਿੱਤਾ ਜਾਏਗਾ ਜਿੱਥੇ ਸਿੱਖ ਵੀ ਅਜ਼ਾਦੀ ਦਾ ਨਿੱਘ ਮਾਨਣਗੇ। ਪਰ ਜਦ ਹਿੰਦੂ ਹਾਕਮਾਂ ਦੇ ਹੱਥ ਦੇਸ਼ ਦੀ ਵਾਗਡੋਰ ਆ ਗਈ ਤਾਂ ਉਹਨਾਂ ਨੇ ਸਿੱਖਾਂ ਵਿਰੁੱਧ ਨਫ਼ਰਤ ਦਾ ਇਜ਼ਹਾਰ ਕਰਨਾ ਸ਼ੁਰੂ ਕਰ ਦਿੱਤਾ ਤੇ ਸਿੱਖਾਂ ਨੂੰ ਗ਼ੁਲਾਮ ਬਣਾ ਲਿਆ। 1947 ‘ਚ ਪੰਜਾਬ ਵੰਡਿਆ ਗਿਆ ਤੇ ਸਿੱਖ ਹੋਮਲੈਂਡ ਦਾ ਅੱਧਾ ਹਿੱਸਾ ਪਾਕਿਸਤਾਨ ਵਿੱਚ ਤੇ ਅੱਧਾ ਭਾਰਤ ਨਾਲ਼ ਮਿਲ ਗਿਆ। ਪੰਜਾਬ ਦੀ ਵੰਡ ਕਾਰਨ 10 ਲੱਖ ਤੋਂ ਵਧੇਰੇ ਪੰਜਾਬੀਆਂ ਦਾ ਕਤਲੇਆਮ ਹੋਇਆ, ਪੌਣੇ ਦੋ ਸੌ ਗੁਰਦੁਆਰੇ ਪਾਕਿਸਤਾਨ ਵਿੱਚ ਰਹਿ ਗਏ, ਅਰਬਾਂ-ਖਰਬਾਂ ਰੁਪਏ ਦੀ ਜਾਇਦਾਦ ਖੋਹੀ ਗਈ, ਸਿੱਖ ਸ਼ਰਨਾਰਥੀ ਕੈਂਪਾਂ ਵਿੱਚ ਰਹਿਣ ਲਈ ਮਜਬੂਰ ਹੋ ਗਏ ਪਰ ਓਦੋਂ ਹੀ 10 ਅਕਤੂਬਰ 1947 ਨੂੰ ਸਿੱਖਾਂ ਨੂੰ ‘ਜਰਾਈਮ ਪੇਸ਼ਾ ਕੌਮ’ ਐਲਾਨ ਦਿੱਤਾ ਗਿਆ। ਪੰਜਾਬ ਵਿੱਚ ਸਾਰੀਆਂ ਸਰਕਾਰੀ ਨੌਕਰੀਆਂ ਉੱਤੇ ਹਿੰਦੂਆਂ ਦਾ ਕਬਜਾ ਹੋ ਗਿਆ, ਸਿੱਖਾਂ ਨੂੰ ਹਿੰਦੂ ਬਣਾਉਣ ਲਈ ਸਰਕਾਰੀ ਤੌਰ ਉੱਤੇ ਕਈ ਚਾਲਾਂ ਚੱਲੀਆਂ ਜਾਣ ਲੱਗੀਆਂ ਜਿਸ ਖ਼ਿਲਾਫ਼ ਸਿੱਖਾਂ ਵੱਲੋਂ ਆਵਾਜ਼ ਬੁਲੰਦ ਕੀਤੀ ਜਾਂਦੀ, ਸੰਘਰਸ਼ ਅਤੇ ਮੋਰਚੇ ਲਾਏ ਜਾਂਦੇ ਰਹੇ ਪਰ ਹਾਕਮਾਂ ਵੱਲੋਂ ਸਿੱਖਾਂ ਨੂੰ ਬਣਦੇ ਹੱਕ ਨਾ ਦਿੱਤੇ ਜਾਂਦੇ।

ਜਦੋਂ ਭਾਰਤ ਨੂੰ ਬੋਲੀ ਦੇ ਆਧਾਰ ‘ਤੇ ਸੂਬਿਆਂ ਵਿੱਚ ਵੰਡਣ ਵਾਸਤੇ ਸਰਕਾਰ ਨੇ ਕੰਮ ਅਰੰਭਿਆ ਤਾਂ ਪੰਜਾਬੀ ਸੂਬੇ ਨੂੰ ਕੋਈ ਤਵੱਜੋਂ ਹੀ ਨਹੀਂ ਦਿੱਤੀ। ਸਿੱਖਾਂ ਨੂੰ ਖ਼ਾਸ ਵੱਖਰਾ ਕਿੱਤਾ ਤਾਂ ਕੀ ਦੇਣਾ ਸੀ, ਸਗੋਂ ਮਮੂਲੀ ਮੰਗਾਂ ਵੀ ਨਾ ਮੰਨੀਆਂ ਜਾਂਦੀਆਂ ਤੇ ਸਿੱਖਾਂ ਨੂੰ ਹਰ ਰੋਜ਼ ਜ਼ਲੀਲ ਕੀਤਾ ਜਾਂਦਾ। ਜੇਕਰ ਸਿੱਖ, ਪੰਜਾਬੀ ਸੂਬੇ ਦੀ ਗੱਲ ਕਰਦੇ, ਨਾਹਰਾ ਮਾਰਦੇ, ਕੋਈ ਜਲਸਾ ਕੱਢਦੇ ਤਾਂ ਹਿੰਦੂਆਂ ਵੱਲੋਂ ਸਿੱਖਾਂ ਉੱਤੇ ਹਮਲੇ ਕੀਤੇ ਜਾਂਦੇ। 1951 ਵਿੱਚ ਮਰਦਮ-ਸ਼ੁਮਾਰੀ ਵੇਲ਼ੇ ਪੰਜਾਬੀ ਹਿੰਦੂਆਂ ਨੇ ਵੀ ਆਪਣੀ ਬੋਲੀ ਹਿੰਦੀ ਹੀ ਲਿਖਵਾਈ। 31 ਦਸੰਬਰ 1954 ਨੂੰ ਜਦੋਂ ਲੁਧਿਆਣੇ ਵਿੱਚ ਕਲਗੀਧਰ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਨਗਰ ਕੀਰਤਨ ਕੱਢਿਆ ਜਾ ਰਿਹਾ ਸੀ ਤਾਂ ਫ਼ਿਰਕੂ ਹਿੰਦੂਤਵੀ ਆਗੂ ਕਾਲੀ ਚਰਨ ਤੇ ਉਸ ਦੇ ਗੁੰਡਿਆਂ ਨੇ ਪੱਥਰ ਅਤੇ ਇੱਟਾਂ ਵਰ੍ਹਾ ਕੇ ਅਨੇਕਾਂ ਸਿੱਖ ਜ਼ਖ਼ਮੀ ਕਰ ਦਿੱਤੇ, ਉਸ ਨੇ ਐਲਾਨ ਕੀਤਾ ਕਿ ਮੈਂ ਕਿਸੇ ਵੀ ਸਿੱਖ ਨੂੰ ਪੰਜਾਬੀ ਸੂਬਾ ਜ਼ਿੰਦਾਬਾਦ ਨਹੀਂ ਕਹਿਣ ਦਿਆਂਗਾ।

ਫਿਰ ਜਨਵਰੀ 1955 ਵਿੱਚ ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ ਬਿਆਨ ਦੇ ਦਿੱਤਾ ਕਿ “ਮਾਸਟਰ ਤਾਰਾ ਸਿੰਘ ਦੀ ਅਗਵਾਈ ‘ਚ ਸਿੱਖ, ਪੰਜਾਬੀ ਸੂਬਾ ਨਹੀਂ ਬਲਕਿ ਸਿੱਖ ਸਟੇਟ ਮੰਗਦੇ ਹਨ।” ਫਿਰ ਹਿੰਦੂ ਦਹਿਸ਼ਤਗਰਦਾਂ ਨੇ ਐਲਾਨ ਕਰ ਦਿੱਤਾ ਕਿ ਵੈਸਾਖੀ ਦੇ ਜਲਸਿਆਂ ਵਿੱਚ ਜੇ ਕਿਸੇ ਵੀ ਸਿੱਖ ਨੇ ਪੰਜਾਬੀ ਸੂਬੇ ਦਾ ਨਾਹਰਾ ਲਾਇਆ ਤਾਂ ਉਹਨਾਂ ਉੱਤੇ ਹਮਲੇ ਕੀਤੇ ਜਾਣਗੇ। ਪੰਜਾਬ ਸਰਕਾਰ ਨੇ ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਾਹੀਂ ਅੰਮ੍ਰਿਤਸਰ ਜ਼ਿਲ੍ਹੇ ਵਿੱਚ 6 ਅਪ੍ਰੈਲ 1955 ਤੋਂ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਹਰੇ ‘ਤੇ ਪਾਬੰਦੀ ਲਾ ਦਿੱਤੀ ਅਤੇ ਸਰਕਾਰੀ ਇਜਾਜ਼ਤ ਬਿਨਾਂ ਸਿੱਖਾਂ ਦੇ ਧਾਰਮਿਕ ਜਲਸਿਆਂ ਉੱਤੇ ਵੀ ਪਾਬੰਦੀ ਲਾ ਦਿੱਤੀ।

ਪਰ ਇਸ ਦੇ ਬਾਵਜੂਦ ਵੀ ਸਿੱਖਾਂ ਨੇ 14 ਅਪ੍ਰੈਲ ਨੂੰ ਸ੍ਰੀ ਦਰਬਾਰ ਸਾਹਿਬ ਦੇ ਘੰਟਾ ਘਰ ਤੋਂ ਜਲੂਸ ਕੱਢਿਆ ਪਰ ਹਿੰਦੂਆਂ ਨੇ ਬੇਵਜ੍ਹਾ ਹੀ ਰਸਤੇ ਵਿੱਚ ਸਿੱਖਾਂ ਉਤੇ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਅਗਲੇ ਦਿਨ ਮਾਸਟਰ ਤਾਰਾ ਸਿੰਘ ਨੇ ਆਖਿਆ ਕਿ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ‘ਤੇ ਪਾਬੰਦੀ ਨੂੰ ਸਿੱਖ ਬਰਦਾਸ਼ਤ ਨਹੀਂ ਕਰਨਗੇ ਤੇ ਜੇ 23 ਅਪ੍ਰੈਲ ਤਕ ਪਾਬੰਦੀ ਨਾ ਹਟਾਈ ਤਾਂ ਇਸ ਖ਼ਿਲਾਫ਼ ਮੋਰਚਾ ਲਾਇਆ ਜਾਏਗਾ। ਮੁੱਖ ਮੰਤਰੀ ਭੀਮ ਸੈਨ ਸੱਚਰ ਨੇ ਬਿਆਨ ਦੇ ਦਿੱਤਾ ਕਿ ਸਰਕਾਰ ਅਕਾਲੀਆਂ ਅੱਗੇ ਨਹੀਂ ਝੁਕੇਗੀ ਤੇ ਜੇਕਰ ਅਕਾਲੀ ਮੋਰਚਾ ਲਾਉਣਗੇ ਤਾਂ ਉਹਨਾਂ ਨੂੰ ਕੁਚਲ ਦਿੱਤਾ ਜਾਏਗਾ।

ਫਿਰ 10 ਮਈ 1955 ਨੂੰ ਸ੍ਰੀ ਦਰਬਾਰ ਸਾਹਿਬ ਦੇ ਮੰਜੀ ਸਾਹਿਬ ਦੀਵਾਨ ਵਿੱਚ ਤਕਰੀਬਨ ਦੋ ਲੱਖ ਸਿੱਖ ਦਾ ਭਰਵਾਂ ਇਕੱਠ ਹੋਇਆ। ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਨੇ ਸਟੇਜ ਤੋਂ ਆਖਿਆ ਕਿ “ਸਿੱਖੋ! ਅਸੀਂ ਅਜ਼ਾਦੀ ਮੰਗਦੇ ਹਾਂ ਅਤੇ ਇਹ ਸਾਨੂੰ ਡੂੰਘੀ ਗ਼ੁਲਾਮੀ ਹੇਠਾਂ ਫ਼ਸਾਉਣ ਨੂੰ ਫਿਰਦੇ ਹਨ। ਅਸੀਂ ਅਜੋਕੀ ਹਾਲਤ ਤੋਂ ਸੰਤੁਸ਼ਟ ਨਹੀਂ ਹਾਂ ਤੇ ਪੰਜਾਬੀ ਸੂਬਾ ਮੰਗਦੇ ਹਾਂ ਪਰ ਇਹ ਸਾਨੂੰ ਪੰਜਾਬੀ ਸੂਬੇ ਦੀ ਮੰਗ ਦਾ ਪ੍ਰਚਾਰ ਕਰਨ ਤੋਂ ਵੀ ਰੋਕਦੇ ਹਨ। ਇਸ ਨਾਅਰੇ ‘ਤੇ ਪਾਬੰਦੀ ਲਾ ਦਿੱਤੀ ਗਈ। ਖ਼ਾਲਸਾ ਜੀ! ਇਹ ਸਮਝ ਲਓ ਕਿ ਇਹ ਸਭ ਕੁਝ ਸਾਡੀ ਅਣਖ਼ ਮਾਰਨ ਲਈ ਹੀ ਹੋ ਰਿਹਾ ਹੈ। ਇਹੀ ਕੁਝ ਤਾਂ ਸਾਡੇ ਕੋਲ਼ ਹੈ, ਜੇ ਇਹੋ ਚਲੀ ਗਈ ਤਾਂ ਸਮਝ ਲਓ, ਸਭ ਕੁਝ ਗਿਆ। ਇਸ ਲਈ ਅਣਖ਼ ਕਾਇਮ ਰੱਖਣ ਲਈ ਸਭ ਕੁਝ ਦਾਅ ‘ਤੇ ਲਾ ਦਿਓ। ਇਹ ਸਮਾਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪੂਰਨਿਆਂ ‘ਤੇ ਚੱਲ ਕੇ ਸ਼ਾਂਤਮਈ ਰਹਿੰਦਿਆਂ ਹੋਇਆ ਸੀਸ ਭੇਟ ਕਰਨ ਦਾ ਹੈ। ਮੁਕਾਬਲਾ ਹੰਕਾਰੀ ਹਾਕਮਾਂ ਨਾਲ਼ ਹੈ, ਪਰ ਸਾਨੂੰ ਭਰੋਸਾ ਉਸ ਗੁਰੂ ਉੱਤੇ ਹੈ।”

ਮਾਸਟਰ ਜੀ ਦੀ ਤਕਰੀਰ ਨੇ ਸਿੱਖ ਹਿਰਦਿਆਂ ਨੂੰ ਧੁਰ ਅੰਦਰ ਤਕ ਹਲੂਣਿਆਂ ਤੇ ਸਿੱਖ ਕੌਮ ਦਾ ਹਰ ਬੱਚਾ, ਨੌਜਵਾਨ, ਬੀਬੀ ਤੇ ਬਜ਼ੁਰਗ ਕੁਰਬਾਨੀ ਕਰਨ ਲਈ ਤਿਆਰ-ਬਰ-ਤਿਆਰ ਹੋ ਗਿਆ। ਮਾਸਟਰ ਜੀ ਨੇ ਫ਼ੈਸਲਾ ਲੈਂਦਿਆਂ ਕਿਹਾ ਕਿ “ਅਸੀਂ ਧਾਰਾ 144 ਨਹੀਂ ਤੋੜਨੀ, ਅਸੀਂ ਸਿਰਫ਼ ਪੰਜਾਬੀ ਸੂਬਾ ਜ਼ਿੰਦਾਬਾਦ ਨਾਅਰੇ ‘ਤੇ ਲੱਗੀ ਹੋਈ ਨਜਾਇਜ਼ ਪਾਬੰਦੀ ਤੋੜਨੀ ਹੈ, ਅਸੀਂ ਚਾਰ-ਚਾਰ ਦੇ ਜੱਥਿਆਂ ਵਿੱਚ ਜਾ ਕੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਹਰੇ ਮਾਰਦਿਆਂ ਗ੍ਰਿਫ਼ਤਾਰੀ ਦੇਵਾਂਗੇ।” ਜਦੋਂ ਮਾਸਟਰ ਜੀ ਆਪਣੇ ਜਥੇ ਸਮੇਤ ਗ੍ਰਿਫ਼ਤਾਰੀ ਦੇਣ ਲਈ ਬਾਹਰ ਨਿਕਲੇ ਤਾਂ ਬ੍ਰਹਮ ਬੂਟਾ ਅਖਾੜਾ ਦੇ ਸਾਹਮਣੇ ਪੁਲਿਸ ਨੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਫਿਰ ਇਸ ਮੋਰਚੇ ਨੂੰ ਕੁਚਲਣ ਲਈ ਪੁਲਿਸ ਨੇ ਧੜਾਧੜ ਹੋਰ ਵੀ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਮਾਸਟਰ ਤਾਰਾ ਸਿੰਘ ਜੀ ਨੇ ਗ੍ਰਿਫ਼ਤਾਰੀ ਤੋਂ ਪਹਿਲਾਂ ਪ੍ਰਿੰਸੀਪਲ ਇਕਬਾਲ ਸਿੰਘ ਨੂੰ ਮੋਰਚੇ ਦੀ ਅਗਵਾਈ ਸੌਂਪ ਦਿੱਤੀ ਸੀ। ਫਿਰ ਇਸ ਤਰ੍ਹਾਂ ਅਕਾਲੀ ਜਥੇਦਾਰਾਂ ਦੀ ਅਗਵਾਈ ਵਿੱਚ ਹਰ ਰੋਜ਼ ਸਿੱਖਾਂ ਵੱਲੋਂ ਗ੍ਰਿਫ਼ਤਾਰੀਆਂ ਦਿੱਤੀਆਂ ਜਾਂਦੀਆਂ ਰਹੀਆਂ, ਮੋਰਚਾ ਪੂਰਾ ਭਖ਼ ਗਿਆ ਸੀ, ਪੰਜਾਬ ਦਾ ਹਰ ਸਿੱਖ ਇਸ ਮੋਰਚੇ ਵਿੱਚ ਹਿੱਸਾ ਲੈਣ ਲੱਗਾ, ਸਿੱਖਾਂ ਦਾ ਹਰ ਰੋਜ਼ ਵੱਡਾ ਇਕੱਠ ਹੁੰਦਾ, ਪੁਲਿਸ ਨੇ ਕਈ ਹੋਰ ਸ਼ਹਿਰਾਂ ਵਿੱਚੋਂ ਵੀ ਅਕਾਲੀ ਆਗੂਆਂ ਨੂੰ ਛਾਪੇ ਮਾਰ ਕੇ ਗ੍ਰਿਫ਼ਤਾਰ ਕਰ ਲਿਆ ਸੀ। ਇਸ ਮੋਰਚੇ ਵਿੱਚ ਸਿੱਖ ਕੌਮ ਦੇ ਬੱਚਿਆਂ, ਨੌਜਵਾਨਾਂ ਬਜ਼ੁਰਗਾਂ ਅਤੇ ਬੀਬੀਆਂ ਨੇ ਵੀ ਵੱਡੀ ਪੱਧਰ ‘ਤੇ ਗ੍ਰਿਫ਼ਤਾਰੀਆਂ ਦਿੱਤੀਆਂ ਤੇ ਖ਼ਾਲਸਾਈ ਜਲਵੇ ਦਾ ਸ਼ਾਨਦਾਰ ਪ੍ਰਗਟਾਵਾ ਕੀਤਾ। ਹਰ ਰੋਜ਼ ਵੱਡੀ ਗਿਣਤੀ ਵਿੱਚ ਸਿੱਖ ਜੇਲ੍ਹਾਂ ਵਿੱਚ ਜਾਂਦੇ, ਕਿਸੇ ਦਿਨ ਸੱਠ ਤੋਂ ਵੱਧ ਸਿੰਘਾਂ ਦਾ ਜੱਥਾ ਤੇ ਕਿਸੇ ਦਿਨ 100 ਤੋਂ ਵੀ ਵੱਧ ਸਿੰਘਾਂ ਦਾ ਜੱਥਾ ਅਤੇ ਕਿਸੇ ਦਿਨ 1000 ਸਿੰਘਾਂ ਦਾ ਜਥਾ ਗ੍ਰਿਫ਼ਤਾਰੀ ਦਿੰਦਾ। ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਭਰ ਗਈਆਂ ਸਨ। ਤਿੰਨ ਮਹੀਨੇ ਦੇ ਬੱਚੇ ਤੋਂ ਲੈ ਕੇ 90 ਸਾਲ ਦੇ ਬਜ਼ੁਰਗ ਵੀ ਆਪਣੇ ਪਰਿਵਾਰਾਂ ਸਮੇਤ ਜੇਲ੍ਹਾਂ ਵਿੱਚ ਗਏ।

ਸ਼੍ਰੋਮਣੀ ਅਕਾਲੀ ਦਲ ਨੇ ਫ਼ੈਸਲਾ ਲਿਆ ਕਿ ਮੋਰਚੇ ਵਿੱਚ ਗ੍ਰਿਫ਼ਤਾਰੀ ਦੇਣ ਦੀ ਇਜਾਜ਼ਤ ਸਿਰਫ਼ ਉਸ ਨੂੰ ਹੀ ਮਿਲੇਗੀ ਜਿਸ ਨੇ ਅੰਮ੍ਰਿਤ ਛਕਿਆ ਹੋਏਗਾ। ਉਸ ਸਮੇਂ ਸਿੱਖਾਂ ਵਿੱਚ ਪੰਥ ਅਤੇ ਪੰਜਾਬ ਲਈ ਕੁਰਬਾਨੀ ਕਰਨ ਦੀ ਐਨੀ ਚਾਹਤ ਸੀ ਕਿ ਗ੍ਰਿਫ਼ਤਾਰੀ ਦੇਣ ਤੇ ਜੇਲ੍ਹ ਜਾਣ ਵਾਸਤੇ ਅਨੇਕਾਂ ਸਿੱਖਾਂ ਨੇ ਤੁਰੰਤ ਅੰਮ੍ਰਿਤਪਾਨ ਕਰ ਲਿਆ। ਓਦੋਂ ਬਹੁਤਾਂਤ ਸਿੰਘ ਅੰਮ੍ਰਿਤਧਾਰੀ ਹੀ ਸਨ ਤੇ ਬਾਕੀ ਕੇਸਾਧਾਰੀ ਸਨ, ਉਸ ਸਮੇਂ ਸਿੱਖਾਂ ਵਿੱਚ ਪਤਿਤਪੁਣਾ ਨਹੀਂ ਸੀ ਤੇ ਕੇਸਾਂ ਨੂੰ ਕਤਲ ਕਰਵਾਉਣਾ ਸਿੱਖੀ ਤੋਂ ਮੁਨਕਰ ਹੋਣਾ ਤੇ ਗੁਰੂ ਨੂੰ ਬੇਦਾਵਾ ਦੇਣਾ ਸਮਝਿਆ ਜਾਂਦਾ ਸੀ।

ਇਸ ਮੋਰਚੇ ਕਾਰਨ ਪੂਰੀ ਸਿੱਖ ਕੌਮ ਇੱਕਜੁੱਟ ਹੋ ਚੁੱਕੀ ਸੀ, ਸਿੱਖਾਂ ਵਿੱਚ ਗ੍ਰਿਫ਼ਤਾਰੀਆਂ ਦੇਣ ਦਾ ਜੋਸ਼ ਦਿਨੋਂ-ਦਿਨ ਵੱਧਦਾ ਜਾ ਰਿਹਾ ਸੀ ਤੇ ਸਿੱਖਾਂ ਦੇ ਸਿਰੜ ਨੂੰ ਵੇਖ ਕੇ ਸਰਕਾਰ ਪੂਰੀ ਤਰ੍ਹਾਂ ਘਬਰਾ ਚੁੱਕੀ ਸੀ ਪਰ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਹਰੇ ਤੋਂ ਪਾਬੰਦੀ ਹਟਾਉਣ ਲਈ ਤਿਆਰ ਨਹੀਂ ਸੀ। 26 ਜੂਨ 1955 ਨੂੰ ਪੁਲਿਸ ਨੇ ਸ੍ਰੀ ਦਰਬਾਰ ਸਾਹਿਬ ਦੀਆਂ ਨੌਂ ਬੰਦੂਕਾਂ ਜ਼ਬਤ ਕਰਨ ਦਾ ਐਲਾਨ ਕੀਤਾ ਅਤੇ ਅਗਲੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ 10 ਬੰਦੂਕਾਂ ਤੇ ਸ਼੍ਰੋਮਣੀ ਕਮੇਟੀ ਦੀਆਂ ਪੰਜ ਬੰਦੂਕਾਂ ਵੀ ਜ਼ਬਤ ਕਰ ਲਈਆਂ। ਸਿੱਖਾਂ ਕੋਲ਼ੋਂ ਹਥਿਆਰ ਖੋਹ ਕੇ ਪੁਲਿਸ ਸ੍ਰੀ ਦਰਬਾਰ ਸਾਹਿਬ ਉੱਤੇ ਹਮਲੇ ਦਾ ਬੰਦੋਬਸਤ ਕਰ ਚੁੱਕੀ ਸੀ। ਪੁਲਿਸ ਨੇ ਸਾਰੇ ਅਕਾਲੀ ਵਰਕਰਾਂ ਦੀਆਂ ਬੰਦੂਕਾਂ ਅਤੇ ਪਿਸਤੌਲ ਜ਼ਬਤ ਕਰ ਲਏ ਅਤੇ ਮਾਸਟਰ ਤਾਰਾ ਸਿੰਘ ਦੀ ਬੰਦੂਕ ਤੇ ਪਿਸਤੌਲ ਵੀ ਉਹਨਾਂ ਦੇ ਮਕਾਨ ਤੋਂ ਚੁੱਕ ਲਈ। ਪੁਲਿਸ ਨੂੰ ਇਸ ਗੱਲ ਦਾ ਡਰ ਅਤੇ ਖ਼ਤਰਾ ਸੀ ਕਿ ਜਦੋਂ ਅਸੀਂ ਮੋਰਚਾ ਕੁਚਲਣ ਲਈ ਦਰਬਾਰ ਸਾਹਿਬ ਉੱਤੇ ਹਮਲਾ ਕਰਾਂਗੇ ਤਾਂ ਅੱਗੋਂ ਸਿੱਖ ਮੁਕਾਬਲਾ ਕਰ ਸਕਦੇ ਹਨ।

ਜਲੰਧਰ ਡਵੀਜ਼ਨ ਦੇ ਡੀ.ਆਈ.ਜੀ. ਮਹਾਸ਼ਾ ਅਸ਼ਵਨੀ ਕੁਮਾਰ ਨੇ ਮੋਰਚੇ ਨੂੰ ਕੁਚਲਣ ਲਈ ਮੁੱਖ ਮੰਤਰੀ ਭੀਮ ਸੈਨ ਸੱਚਰ ਤੋਂ ਪੰਜ ਦਿਨਾਂ ਦਾ ਸਮਾਂ ਲਿਆ ਅਤੇ ਫਿਰ 3 ਅਤੇ 4 ਜੁਲਾਈ 1955 ਦੀ ਅੱਧੀ ਰਾਤ ਨੂੰ ਪੁਲਿਸ ਨੇ ਸ੍ਰੀ ਦਰਬਾਰ ਸਾਹਿਬ ਨੂੰ ਘੇਰਾ ਪਾ ਲਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਅੱਛਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਗੁਰਦਿਆਲ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਪੁਲਿਸ ਨੇ ਅਕਾਲੀ ਦਲ ਦੇ ਦਫ਼ਤਰ ਉੱਤੇ ਵੀ ਹਮਲਾ ਕੀਤਾ ਅਤੇ ਅਲਮਾਰੀਆਂ ਤੋੜ ਕੇ ਸਾਰਾ ਸਮਾਨ ਕੱਢ ਲਿਆ ਅਤੇ ਸਰਾਂ ਵਿੱਚ ਠਹਿਰੇ ਹੋਏ ਪੰਜ-ਛੇ ਸੌ ਸਿੱਖਾਂ ਨੂੰ ਗ੍ਰਿਫ਼ਤਾਰ ਕਰਕੇ ਟਰੱਕਾਂ ਵਿੱਚ ਬਿਠਾ ਲਿਆ।

ਫਿਰ ਪੁਲਿਸ ਨੇ ਮੰਜੀ ਸਾਹਿਬ ਦੀਵਾਨ ਹਾਲ ‘ਤੇ ਵੀ ਕਬਜ਼ਾ ਕਰ ਲਿਆ। ਸ੍ਰੀ ਦਰਬਾਰ ਸਾਹਿਬ ਉੱਤੇ ਹਮਲੇ ਦਾ ਸੁਣ ਕੇ ਅਨੇਕਾਂ ਸਿੱਖ ਜਦੋਂ ਓਥੇ ਪਹੁੰਚ ਗਏ ਤਾਂ ਪੁਲਿਸ ਵੱਡੀ ਗਿਣਤੀ ਵਿੱਚ ਸਿੱਖਾਂ ਨੂੰ ਵੇਖ ਕੇ ਹੋਰ ਵੀ ਬੌਖਲਾ ਗਈ ਤੇ ਫਿਰ ਭਾਰਤੀ ਫ਼ੌਜ ਦੀ ਇੱਕ ਟੁਕੜੀ ਵੀ ਓਥੇ ਆ ਗਈ। ਸਿੱਖਾਂ ਦੇ ਰੋਹ ਨੂੰ ਵੇਖਦਿਆਂ ਪੁਲਿਸ ਦੀ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਜਾਣ ਦੀ ਹਿੰਮਤ ਨਾ ਪਈ, ਸਿੱਖਾਂ ਨੇ ਬੜੇ ਜੋਸ਼ ਨਾਲ ਉੱਚੀ-ਉੱਚੀ ਜੈਕਾਰੇ ਲਾਉਣੇ ਸ਼ੁਰੂ ਕਰ ਦਿੱਤੇ ਤੇ ਸ਼ਹੀਦੀਆਂ ਦੇਣ ਲਈ ਕਮਰਕੱਸੇ ਕਰ ਲਏ

ਫਿਰ ਨਾਲ਼ ਹੀ ਪੁਲਿਸ ਨੇ ਸਿੱਖਾਂ ਉੱਤੇ ਡਾਂਗਾਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਮੰਜੀ ਸਾਹਿਬ ਵਿੱਚ ਗੈਸ ਛੱਡ ਦਿੱਤੀ। ਅਨੇਕਾਂ ਸਿੱਖ ਮੰਜੀ ਸਾਹਿਬ ਤੋਂ ਦਰਬਾਰ ਸਾਹਿਬ ਦੀ ਪ੍ਰਕਰਮਾ ਵੱਲ ਹੋ ਗਏ ਤੇ ਪੁਲਿਸ ਨੇ ਓਥੇ ਟੀਅਰ ਗੈਸ ਦੇ ਗੋਲੇ ਸੁੱਟੇ। ਉਹ ਅੱਥਰੂ ਗੈਸ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਤਕ ਵੀ ਗਈ, ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਵੀ ਪੁਲਿਸ ਦੀਆਂ ਗੋਲ਼ੀਆਂ ਵੱਜੀਆਂ। ਪੁਲਿਸ ਨੇ ਲੰਗਰ ਹਾਲ ਅਤੇ ਪ੍ਰਕਾਸ਼ ਸਥਾਨ ‘ਤੇ ਵੀ ਗੋਲੇ ਸੁੱਟੇ ਤੇ ਲੰਗਰ ਹਾਲ ਉੱਤੇ ਕਬਜ਼ਾ ਕਰ ਲਿਆ। ਪੁਲਿਸ ਨੇ ਗੁਰਦੁਆਰਾ ਬਾਬਾ ਅਟੱਲ ਰਾਏ ਅਤੇ ਗੁਰਦੁਆਰਾ ਬੀਬੀ ਕੌਲਸਰ ਸਾਹਿਬ ਉੱਤੇ ਵੀ ਹਮਲਾ ਕੀਤਾ, ਬਾਬਾ ਅਟੱਲ ਰਾਏ ਦੀ ਉੱਪਰਲੀ ਛੱਤ ਉੱਤੇ ਪੁਲਿਸ ਨੇ ਮੋਰਚੇ ਗੱਡ ਲਏ ਅਤੇ ਕੌਂਸਲ ਸਰੋਵਰ ਦੀ ਪ੍ਰਕਰਮਾ ਵਿੱਚ ਪਰੇਡ ਕੀਤੀ।

ਪੁਲਿਸ ਕਿਸੇ ਵੀ ਹਾਲਤ ਵਿੱਚ ਚਾਰ ਜੁਲਾਈ ਨੂੰ ਗ੍ਰਿਫ਼ਤਾਰੀ ਲਈ ਜਥਾ ਨਹੀਂ ਸੀ ਜਾਣ ਦੇਣਾ ਚਾਹੁੰਦੀ। ਪਰ ਹਮਲੇ ਦੇ ਬਾਵਜੂਦ ਵੀ ਸਿੱਖਾਂ ਨੇ ਪੁਲਿਸ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਮੰਜੀ ਸਾਹਿਬ ਹਾਲ ਦੀ ਬਜਾਏ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਦੀਵਾਨ ਸਜਾਇਆ ਅਤੇ ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਤਾਰਾ ਸਿੰਘ ਠੇਠਰਾ ਤੇ ਜਥੇਦਾਰ ਬੂਟਾ ਸਿੰਘ ਨੇ ਜੋਸ਼ੀਲੀਆਂ ਤਕਰੀਰਾਂ ਕੀਤੀਆਂ ਤੇ ਫਿਰ 63 ਨੌਜਵਾਨ ਸਿੰਘਾਂ ਦਾ ਜੱਥਾ ਅਰਦਾਸਾ ਸੋਧ ਕੇ ਗ੍ਰਿਫ਼ਤਾਰੀ ਦੇਣ ਲਈ ਤੁਰ ਪਿਆ ਤੇ ਉਹਨਾਂ ਨੇ ਪੁਲਿਸ ਦੀਆਂ ਡਾਂਗਾਂ ਆਪਣੇ ਸੀਨੇ ‘ਤੇ ਸਹਾਰਦਿਆਂ ਡਟ ਕੇ ਗ੍ਰਿਫ਼ਤਾਰੀ ਦਿੱਤੀ।

ਪੁਲਿਸ ਨੇ ਹੋਰ ਵੀ ਮਰਿਆਦਾ ਭੰਗ ਕਰਦਿਆਂ ਕੜਾਹ ਪ੍ਰਸ਼ਾਦ ਅਤੇ ਲੰਗਰ ਦੇ ਪ੍ਰਸ਼ਾਦੇ ਬਣਾਉਣ ਤੇ ਲਿਆਉਣ ‘ਤੇ ਵੀ ਰੋਕ ਲਾ ਦਿੱਤੀ ਤੇ ਅਨੇਕਾਂ ਬੀਬੀਆਂ ਤੋਂ ਪ੍ਰਸ਼ਾਦੇ ਖੋਹ ਕੇ, ਉਹਨਾਂ ਨਾਲ ਬਦਸਲੂਕੀ ਕਰਦਿਆਂ ਗ੍ਰਿਫ਼ਤਾਰ ਕਰ ਲਿਆ। ਪਰ ਫਿਰ ਵੀ ਸੰਗਤ ਘਬਰਾਈ ਨਾ ਤੇ ਅੰਦਰ ਫਸੇ ਸਿੰਘਾਂ ਦੇ ਲਈ ਲੰਗਰ ਲਿਆਉਣਾ ਜਾਰੀ ਰੱਖਿਆ। ਤਿੰਨ-ਚਾਰ ਦਿਨ ਇਹੋ ਕੁਝ ਵਾਪਰਦਾ ਰਿਹਾ ਪਰ ਇਸ ਦੇ ਬਾਵਜੂਦ ਵੀ ਪੁਲਿਸ ਸਿੱਖਾਂ ਦੇ ਮੋਰਚੇ ਨੂੰ ਫੇਲ੍ਹ ਨਾ ਕਰ ਸਕੀ। ਪੰਜ, ਛੇ, ਸੱਤ ਤੇ ਅੱਠ ਜੁਲਾਈ ਨੂੰ ਵੀ ਸਿੱਖਾਂ ਦੇ ਜਥੇ ਗ੍ਰਿਫ਼ਤਾਰੀ ਦੇਣ ਲਈ ਨਿਕਲੇ।

ਸ੍ਰੀ ਦਰਬਾਰ ਸਾਹਿਬ ਉੱਤੇ ਹਮਲੇ ਦੇ ਖ਼ਿਲਾਫ਼ ਸਿੱਖਾਂ ਵਿੱਚ ਰੋਹ ਭੜਕ ਉੱਠਿਆ, ਅੰਮ੍ਰਿਤਸਰ ਦੇ ਦੁਕਾਨਦਾਰਾਂ ਨੇ ਮੁਕੰਮਲ ਹੜਤਾਲ ਕਰ ਦਿੱਤੀ, ਫਿਰ ਅਗਲੇ ਦਿਨ ਪੰਜਾਬ ਦੇ ਸਾਰੇ ਸਿੱਖ ਦੁਕਾਨਦਾਰਾਂ ਨੇ ਹੜਤਾਲ ਕੀਤੀ। ਸਰਕਾਰ ਨੇ ਸਿੱਖਾਂ ਦੀਆਂ ਅਖ਼ਬਾਰਾਂ ‘ਪ੍ਰਭਾਤ’ ਅਤੇ ‘ਅਕਾਲੀ’ ਦੀ ਪ੍ਰੈੱਸ ਸੀਲ ਕਰ ਦਿੱਤੀ ਅਤੇ ਅਜੀਤ ਅਖ਼ਬਾਰ ਤੇ ਅਕਾਲੀ ਪੱਤ੍ਰਿਕਾ ਛਪਣ ‘ਤੇ ਵੀ ਪਾਬੰਦੀ ਲਾ ਦਿੱਤੀ। ਪੁਲਿਸ ਨੇ ਚਾਰ ਦਿਨ ਦਰਬਾਰ ਸਾਹਿਬ ਵਿੱਚ ਕਹਿਰ ਮਚਾਈ ਰੱਖਿਆ, ਪਰ ਫਿਰ ਓਥੋਂ ਨਿਕਲਣ ਲਈ ਮਜਬੂਰ ਹੋ ਗਈ।।

ਸ਼੍ਰੋਮਣੀ ਕਮੇਟੀ ਦੇ 138 ਵਿੱਚੋਂ 113 ਮੈਂਬਰ ਜੇਲ੍ਹਾਂ ਵਿੱਚ ਸਨ। 9 ਜੁਲਾਈ ਨੂੰ ਬੀਬੀ ਗੁਰਦਿਆਲ ਕੌਰ ਦੀ ਅਗਵਾਈ ਵਿੱਚ 139 ਬੀਬੀਆਂ ਦੇ ਜਥੇ ਨੇ ਸ਼ਹਿਰ ਵਿੱਚ ਮਾਰਚ ਕੀਤਾ, 10 ਜੁਲਾਈ ਨੂੰ ਸਰਦਾਰ ਗਿਆਨ ਸਿੰਘ ਰਾੜੇ ਵਾਲੇ ਦੀ ਸਿੰਘਣੀ ਬੀਬੀ ਮਨਮੋਹਨ ਕੌਰ 150 ਦੀ ਗਿਣਤੀ ਵਿੱਚ ਜੱਥਾ ਲੈ ਕੇ ਪਹੁੰਚੇ, ਇਸੇ ਦਿਨ ਜੰਮੂ ਦੇ ਮਾਸਟਰ ਤਾਰਾ ਸਿੰਘ ਸ਼ਾਂਤ ਦੀ ਅਗਵਾਈ ਵਿੱਚ ਵੀ 261 ਸਿੰਘਾਂ ਦਾ ਜੱਥਾ ਗ੍ਰਿਫ਼ਤਾਰੀ ਦੇਣ ਲਈ ਤੁਰਿਆ। 11 ਜੁਲਾਈ ਨੂੰ ਐਮ ਐਲ ਏ ਸਰਦਾਰ ਪ੍ਰੀਤਮ ਸਿੰਘ ਮੋਫ਼ਰ ਛੇ ਸੌ ਸਿੰਘਾਂ ਦਾ ਜੱਥਾ ਲੈ ਕੇ ਨਿਕਲੇ ਤੇ ਪੁਲਿਸ ਨੇ ਇਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ, 12 ਜੁਲਾਈ ਨੂੰ ਸਰਦਾਰ ਗੁਰਬਚਨ ਸਿੰਘ ਫ਼ਤਹਿਗੜ੍ਹ ਦੀ ਅਗਵਾਈ ਹੇਠ 250 ਸਿੰਘਾਂ ਦਾ ਜੱਥਾ ਜੇਲ੍ਹ ਜਾਣ ਲਈ ਤਿਆਰ ਹੋ ਕੇ ਮੰਜੀ ਸਾਹਿਬ ਪਹੁੰਚਿਆ। ਅਜੇ ਜਥਾ ਤੁਰਨ ਹੀ ਲੱਗਾ ਸੀ ਕਿ ਡਿਪਟੀ ਕਮਿਸ਼ਨਰ ਅਤੇ ਐਸ ਐਸ ਪੀ ਜੋ ਸ਼੍ਰੋਮਣੀ ਕਮੇਟੀ ਦੇ ਦਫ਼ਤਰ ‘ਚ ਆਏ ਤੇ ਸਰਕਾਰ ਵੱਲੋਂ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ‘ਤੇ ਲੱਗੀ ਪਾਬੰਦੀ ਵਾਪਸ ਲੈਣ ਦੀ ਖ਼ਬਰ ਦਿੱਤੀ ਤੇ ਜਥੇ ਨੂੰ ਰੋਕਣ ਲਈ ਬੇਨਤੀ ਕੀਤੀ। ਅਕਾਲੀ ਆਗੂਆਂ ਨੇ ਕਿਹਾ ਕਿ ਜਥੇ ਨੇ ਚਾਲਾ ਪਾਉਣ ਦੀ ਅਰਦਾਸ ਕਰ ਲਈ ਹੈ, ਇਹ ਜਥਾ ਹੁਣ ਜਰੂਰ ਤੁਰੇਗਾ। ਫਿਰ ਇਹ ਜਥਾ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਾਉਂਦਾ ਹੋਇਆ ਅੰਮ੍ਰਿਤਸਰ ਦੇ ਬਾਜ਼ਾਰਾਂ ਵਿੱਚੋਂ ਹੋ ਕੇ ਵਾਪਸ ਮੰਜੀ ਸਾਹਿਬ ਆ ਗਿਆ।

ਇਸ ਤਰ੍ਹਾਂ 64 ਦਿਨਾਂ ਤੋਂ ਚੱਲਦਾ ਆ ਰਿਹਾ ਮੋਰਚਾ 12 ਜੁਲਾਈ 1955 ਨੂੰ ਖ਼ਾਲਸਾ ਪੰਥ ਨੇ ਜਿੱਤ ਲਿਆ ਤੇ ਸਰਕਾਰ ਨੂੰ ਆਪਣੀ ਹਾਰ ਮੰਨਣੀ ਪਈ। ਇਸ ਮੋਰਚੇ ਵਿੱਚ ਦੋ ਸਿੰਘਾਂ ਦੀ ਸ਼ਹੀਦੀ, 200 ਦੇ ਕਰੀਬ ਸਿੰਘ ਜ਼ਖ਼ਮੀ ਅਤੇ 12 ਹਜ਼ਾਰ ਤੋਂ ਵੱਧ ਸਿੰਘਾਂ-ਸਿੰਘਣਆਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਸਨ। ਫਿਰ 10 ਅਕਤੂਬਰ 1955 ਨੂੰ ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ ਮੰਜੀ ਸਾਹਿਬ ਵਿਖੇ ਖ਼ਾਲਸਾ ਪੰਥ ਅੱਗੇ ਪੇਸ਼ ਹੋ ਕੇ ਸ੍ਰੀ ਦਰਬਾਰ ਸਾਹਿਬ ਉੱਤੇ ਕੀਤੇ ਪੁਲਿਸ ਦੇ ਹਮਲੇ ਦੀ ਮੁਆਫ਼ੀ ਮੰਗੀ।

ਜਿਹੜੇ ਆਖਦੇ ਨੇ ਕਿ ਜੂਨ 1984 ਵਿੱਚ ਸੰਤ ਭਿੰਡਰਾਂਵਾਲਿਆਂ ਦੇ ਕਰਕੇ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਹੋਇਆ ਉਹ ਜਵਾਬ ਦੇਣਗੇ ਕਿ ਕੀ ਜੁਲਾਈ 1955 ਵਿੱਚ ਵੀ ਸੰਤ ਭਿੰਡਰਾਂਵਾਲੇ ਦਰਬਾਰ ਸਾਹਿਬ ਵਿੱਚ ਬੈਠੇ ਸਨ ? ਓਦੋਂ ਵੀ ਭਾਰਤੀ ਹਕੂਮਤ ਨੇ ਸਿੱਖਾਂ ਦੀ ਇੱਕ ਛੋਟੀ ਜਿਹੀ ਮੰਗ ਕਿ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਉੱਤੋਂ ਪਬੰਦੀ ਹਟਾਈ ਜਾਵੇ ਮੰਨਣ ਦੀ ਬਜਾਏ ਦਰਬਾਰ ਸਾਹਿਬ ‘ਤੇ ਹਮਲਾ ਕਰ ਦਿੱਤਾ ਸੀ। ਜਿਹੜੇ ਕਹਿੰਦੇ ਨੇ ਸੰਤ ਭਿੰਡਰਾਂਵਾਲਿਆਂ ਨੂੰ ਦਰਬਾਰ ਸਾਹਿਬ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਮੋਰਚਾ ਲਾ ਕੇ ਇੱਥੋਂ ਗ੍ਰਿਫ਼ਤਾਰੀਆਂ ਲਈ ਜਥੇ ਨਹੀਂ ਸੀ ਭੇਜਣੇ ਚਾਹੀਦੇ ਉਹਨਾਂ ਨੂੰ ਜਵਾਬ ਹੈ ਕਿ ਜੁਲਾਈ 1955 ਵਾਲਾ ਮੋਰਚਾ ਵੀ ਸਿੱਖਾਂ ਨੇ ਇੱਥੋਂ ਹੀ ਇਸੇ ਤਰ੍ਹਾਂ ਚਲਾਇਆ ਸੀ ਤੇ ਇਸ ਤੋਂ ਪਹਿਲੇ ਮੋਰਚੇ ਵੀ ਸ੍ਰੀ ਅਕਾਲ ਤਖ਼ਤ ਸਾਹਿਬ ‘ਤੇ ਅਰਦਾਸਾ ਸੋਧ ਕੇ ਇੱਥੋਂ ਹੀ ਚਲਦੇ ਰਹੇ ਨੇ। ਪੰਥ ਦੇ ਹੱਕਾਂ-ਹਕੂਕਾਂ, ਪੰਥਕ ਮਸਲਿਆਂ ਅਤੇ ਰਾਜ ਵਾਸਤੇ ਹਮੇਸ਼ਾਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਅਗਵਾਈ ਕੀਤੀ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛੇਵੇਂ ਪਾਤਸ਼ਾਹ ਨੇ ਸਿਰਜਣਾ ਹੀ ਇਸੇ ਲਈ ਕੀਤੀ ਸੀ।

ਜਿਹੜੇ ਆਖਦੇ ਨੇ ਕਿ ਸੰਤ ਭਿੰਡਰਾਂਵਾਲਿਆਂ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਚਲੇ ਜਾਣਾ ਚਾਹੀਦਾ ਸੀ ਉਹਨਾਂ ਨੂੰ ਜਵਾਬ ਹੈ ਕਿ ਸੰਤ ਭਿੰਡਰਾਂਵਾਲੇ ਧਰਮ ਯੁੱਧ ਮੋਰਚਾ ਛੱਡ ਕੇ ਕਿਉਂ ਜਾਂਦੇ, ਉਹ ਗੁਰੂ ਦੇ ਸਨਮੁੱਖ ਕੀਤੀ ਅਰਦਾਸ ਕਿਉਂ ਤੋੜਦੇ, ਉਹ ਕੌਮ ਨੂੰ ਪਿੱਠ ਕਿਉਂ ਵਿਖਾਉਂਦੇ ਉਹ ਲੌਂਗੋਵਾਲ ਵਾਂਗ ਕਾਇਰ ਅਤੇ ਡਰਪੋਕ ਨਹੀਂ ਸਨ, ਉਹਨਾਂ ਨੇ ਗੁਰਧਾਮਾਂ ਦੀ ਪਵਿੱਤਰਤਾ ਦੀ ਰਾਖੀ ਤੇ ਕੌਮ ਦੀ ਆਜ਼ਾਦੀ ਲਈ ਜੂਝ ਕੇ ਸ਼ਹਾਦਤ ਦਾ ਜਾਮ ਪੀਤਾ ਜਿਵੇਂ ਜੁਲਾਈ 1955 ਵਾਲੇ ਪੰਜਾਬੀ ਸੂਬਾ ਮੋਰਚੇ ਸਮੇਂ ਵੀ ਸਿੱਖ ਡਟੇ ਰਹੇ ਸਨ, ਉਹਨਾਂ ਨੇ ਪੁਲਿਸ ਦਾ ਜ਼ੁਲਮ ਝੱਲਿਆ ਤੇ ਪੁਲਿਸ ਦੇ ਹਮਲੇ ਦੇ ਬਾਵਜੂਦ ਵੀ ਗ੍ਰਿਫ਼ਤਾਰੀਆਂ ਦੇ ਜਥੇ ਭੇਜ ਕੇ ਮੋਰਚਾ ਜਾਰੀ ਰੱਖਿਆ। ਸੰਤ ਭਿੰਡਰਾਂਵਾਲੇ ਵੀ ਆਖਰੀ ਸਾਹਾਂ ਤਕ ਮੋਰਚੇ ਨੂੰ ਜਾਰੀ ਰੱਖਣ ਲਈ ਦ੍ਰਿੜ ਰਹੇ ਤੇ ਉਹਨਾਂ ਨੇ ਬਾਬਾ ਦੀਪ ਸਿੰਘ ਜੀ ਤੇ ਬਾਬਾ ਗੁਰਬਖਸ਼ ਸਿੰਘ ਵਾਂਗ ਖ਼ਾਲਸਾਈ ਪ੍ਰੰਪਰਾਵਾਂ ਅਨੁਸਾਰ ਭਾਰਤੀ ਫ਼ੌਜ ਨੂੰ ਕਰਾਰਾ ਜਵਾਬ ਦਿੱਤਾ ਤੇ ਚਮਕੌਰ ਦੀ ਗੜ੍ਹੀ ਵਾਂਗ ਸ਼ਾਨਾਮੱਤਾ ਇਤਿਹਾਸ ਸਿਰਜਿਆ। ਅਸਲ ਵਿੱਚ ਭਾਰਤੀ ਹਕੂਮਤ ਦੀਆਂ ਸਿੱਖਾਂ ਪ੍ਰਤੀ ਨੀਤੀਆਂ ਮਾੜੀਆਂ ਹਨ, ਉਹ ਸਿੱਖਾਂ ਦੇ ਜਾਇਜ਼ ਹੱਕ ਦੇਣ ਦੀ ਬਜਾਏ ਸਿੱਖਾਂ ਦੇ ਗੁਰਧਾਮਾਂ ‘ਤੇ ਹਮਲੇ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀ। ਇਸ ਕਰਕੇ ਸੰਤ ਭਿੰਡਰਾਂਵਾਲਿਆਂ ਅਤੇ ਹੋਰ ਯੋਧਿਆਂ ‘ਤੇ ਉਂਗਲ ਚੁੱਕਣ ਦੀ ਬਜਾਏ ਭਾਰਤੀ ਹਿੰਦੂਤਵੀ ਹਕੂਮਤ ਦੀ ਫ਼ਿਰਕੂ ਸੋਚ ਨੂੰ ਸਮਝਣਾ ਚਾਹੀਦਾ ਹੈ। ਪੰਜਾਬੀ ਸੂਬਾ ਮੋਰਚਾ ਅਤੇ ਧਰਮ ਯੁੱਧ ਮੋਰਚਾ ਵਿੱਚ ਕੁਰਬਾਨੀਆਂ ਕਰਨ ਵਾਲੇ ਸਮੂਹ ਸਿੰਘਾਂ ਨੂੰ ਅਸੀਂ ਪ੍ਰਣਾਮ ਕਰਦੇ ਹਾਂ।